ਪੰਜਾਬੀ ਯੂਨੀਵਰਸਿਟੀ, ਪਟਿਆਲਾ।

(1961 ਦੇ ਪੰਜਾਬ ਐਕਟ ਨੰ 35 ਤਹਿਤ ਸਥਾਪਿਤ)

[ਦਫਤਰ - ਡੀਨ - ਕਾਲਜ ਵਿਕਾਸ ਕੌਂਸਲ]

ਨੰ.: 279/DCDC

ਮਿਤੀ: 4.11.26

ਵੱਲ: ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਤ
ਸਮੂਹ ਕਾਲਜਾਂ ਦੇ ਪ੍ਰਿੰਸੀਪਲ/ਚੇਅਰਮੈਨ ਸਾਹਿਬਾਨਾਂ ਨੂੰ

ਵਿਸ਼ਾ: ਦੀਵਾਲੀ ਦੀਆਂ ਸ਼ੁਭਕਾਮਨਾਵਾਂ ਅਤੇ ਯੂਨੀਵਰਸਿਟੀ ਨਾਲ ਈ-ਮੇਲ ਰਾਹੀਂ ਪੱਤਰ-ਵਿਹਾਰ ਕਰਨ ਸਬੰਧੀ ਸਲਾਹ।

ਸ੍ਰੀਮਾਨ ਜੀ/ਸ੍ਰੀਮਤੀ ਜੀ,

ਰੌਸ਼ਨੀਆਂ ਦੇ ਪਵਿੱਤਰ ਤਿਉਹਾਰ ਦੀਵਾਲੀ ਦੇ ਸ਼ੁਭ ਮੌਕੇ ਉੱਤੇ ਇਹ ਦਫ਼ਤਰ ਆਪ ਜੀ ਨੂੰ, ਆਪ ਜੀ ਦੇ ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਨੂੰ ਹਾਰਦਿਕ ਵਧਾਈ ਅਤੇ ਸ਼ੁਭਕਾਮਨਾਵਾਂ ਭੇਂਟ ਕਰਦਾ ਹੈ। ਅਰਦਾਸ ਹੈ ਕਿ ਇਹ ਤਿਉਹਾਰ ਸਮੂਹ ਕਾਲਜ ਪਰਿਵਾਰ ਲਈ ਚੰਗੀ ਸਿਹਤ, ਖੁਸ਼ਹਾਲੀ ਅਤੇ ਗਿਆਨ ਦਾ ਚਾਨਣ ਲੈ ਕੇ ਆਵੇ।

ਪੰਜਾਬ ਦੇ ਦਸ ਜ਼ਿਲ੍ਹਿਆਂ ਵਿੱਚ ਸਥਿਤ ਆਪਣੇ ਸੰਬੰਧਤ ਕਾਲਜਾਂ ਨਾਲ ਲੰਮੀ ਸਾਂਝ ਨੂੰ ਪੰਜਾਬੀ ਯੂਨੀਵਰਸਿਟੀ ਬਹੁਤ ਮਹੱਤਵ ਦਿੰਦੀ ਹੈ। ਇਸੇ ਭਾਵਨਾ ਤਹਿਤ ਅਤੇ ਸਭਨਾਂ ਦੇ ਕੀਮਤੀ ਸਮੇਂ ਅਤੇ ਊਰਜਾ ਦੀ ਬੱਚਤ ਲਈ ਬੇਨਤੀ ਹੈ ਕਿ ਸੜ੍ਹਕਾਂ ਉੱਤੇ ਬੇਲੋੜੇ ਸਫ਼ਰ ਤੋਂ ਗੁਰੇਜ਼ ਕੀਤਾ ਜਾਵੇ। ਯੂਨੀਵਰਸਿਟੀ ਨਾਲ ਸਬੰਧਤ ਬਹੁਤੇ ਕੰਮ, ਜਿਵੇਂ ਕਿ ਪ੍ਰਵਾਨਗੀਆਂ, ਸਪਸ਼ਟੀਕਰਨ ਅਤੇ ਕੇਸਾਂ ਦੀ ਸਥਿਤੀ ਬਾਰੇ ਜਾਣਕਾਰੀ ਆਦਿ, ਈ-ਮੇਲ ਰਾਹੀਂ ਹੀ ਨਿਪਟਾਏ ਜਾ ਸਕਦੇ ਹਨ। ਯੂਨੀਵਰਸਿਟੀ ਵਿਖੇ ਨਿੱਜੀ ਤੌਰ ਉੱਤੇ ਆਉਣ ਦੀ ਲੋੜ ਕੇਵਲ ਉਦੋਂ ਹੀ ਹੈ, ਜਦੋਂ ਅਸਲ ਦਸਤਾਵੇਜ਼ ਪੇਸ਼ ਕਰਨੇ ਹੋਣ, ਕੋਈ ਮੀਟਿੰਗ/ਸੁਣਵਾਈ ਨਿਸ਼ਚਿਤ ਹੋਵੇ ਜਾਂ ਇਸ ਦਫ਼ਤਰ ਵੱਲੋਂ ਬੁਲਾਇਆ ਗਿਆ ਹੋਵੇ।

ਆਪ ਜੀ ਨੂੰ ਬੇਨਤੀ ਹੈ ਕਿ ਈ-ਮੇਲ ਭੇਜਣ ਸਮੇਂ ਕਾਲਜ ਦੀ ਅਧਿਕਾਰਤ ਈ-ਮੇਲ ਆਈ.ਡੀ. ਦੀ ਹੀ ਵਰਤੋਂ ਕੀਤੀ ਜਾਵੇ ਅਤੇ ਪੱਤਰ ਸਬੰਧਤ ਸ਼ਾਖਾ/ਅਧਿਕਾਰੀ ਦੀ ਈ-ਮੇਲ ਆਈ.ਡੀ. ਉੱਤੇ ਭੇਜਿਆ ਜਾਵੇ। ਸਬੰਧਤ ਅਧਿਕਾਰੀਆਂ ਦੇ ਸੰਪਰਕ ਵੇਰਵੇ ਪਹਿਲਾਂ ਹੀ ਆਪ ਜੀ ਪਾਸ ਹਨ ਅਤੇ ਯੂਨੀਵਰਸਿਟੀ ਦੇ ਪੋਰਟਲ ਉੱਤੇ ਵੀ ਉਪਲਬਧ ਹਨ। ਕਿਰਪਾ ਕਰਕੇ ਯੂਨੀਵਰਸਿਟੀ ਦਾ ਹਵਾਲਾ ਨੰਬਰ (ਜੇਕਰ ਹੋਵੇ) ਵਿਸ਼ੇ ਵਿਚ ਦਰਜ ਕੀਤਾ ਜਾਵੇ, ਜਿਸ ਨਾਲ ਭਵਿੱਖ ਵਿਚ keyword search ਦੀ ਮਦਦ ਨਾਲ਼ ਈ.ਮੇਲ ਲੱਭਣੀ ਆਸਾਨ ਰਹੇ। ਈ.ਮੇਲ ਨਾਲ Attach ਕਰਕੇ ਭੇਜੇ scanned ਦਸਤਾਵੇਜ਼ ਪੜ੍ਹਨਯੋਗ ਪੀ.ਡੀ.ਐਫ਼. ਰੂਪ ਵਿੱਚ ਨੱਥੀ ਕੀਤੇ ਜਾਣ ਅਤੇ ਇੱਕ ਈ-ਮੇਲ ਵਿੱਚ ਇੱਕ ਹੀ ਵਿਸ਼ਾ ਰੱਖਿਆ ਜਾਵੇ, ਤਾਂ ਜੋ ਮਾਮਲਾ ਬਿਨਾਂ ਦੇਰੀ ਸਬੰਧਤ ਸ਼ਾਖਾ ਤੱਕ ਪਹੁੰਚ ਸਕੇ।

ਇਸ ਦਫ਼ਤਰ ਦੇ ਸਮੂਹ ਕਰਮਚਾਰੀਆਂ ਨੂੰ ਵੀ ਹਦਾਇਤ ਕੀਤੀ ਗਈ ਹੈ ਕਿ ਈ-ਮੇਲ ਰਾਹੀਂ ਪ੍ਰਾਪਤ ਹਰ ਪੱਤਰ/ਪੁੱਛਗਿੱਛ ਦਾ ਸਮਾਂਬੱਧ ਅਤੇ ਸਪਸ਼ਟ ਜਵਾਬ ਦਿੱਤਾ ਜਾਵੇ। ਦਫਤਰ ਨੂੰ ਕਿਹਾ ਗਿਆ ਹੈ ਕਿ ਕਿਸੇ ਕੇਸ ਵਿੱਚ ਘਾਟ ਹੋਣ ਦੀ ਸੂਰਤ ਵਿੱਚ ਜਿੱਥੇ ਤੱਕ ਸੰਭਵ ਹੋਵੇ, ਸਾਰੀਆਂ ਘਾਟਾਂ ਇੱਕੋ ਵਾਰ ਦਰਸਾਈਆਂ ਜਾਣ, ਤਾਂ ਜੋ ਕਾਲਜਾਂ ਦੇ ਨੁਮਾਇੰਦਿਆਂ ਨੂੰ ਵਾਰ-ਵਾਰ ਦਫ਼ਤਰਾਂ ਦੇ ਚੱਕਰ ਨਾ ਲਗਾਉਣੇ ਪੈਣ।

ਤਿਉਹਾਰਾਂ ਦੇ ਮੌਕੇ ਆਪ ਜੀ ਵੱਲੋਂ ਦਰਸਾਇਆ ਜਾਂਦਾ ਸਨੇਹ ਅਤੇ ਸਤਿਕਾਰ ਸਾਡੇ ਲਈ ਬਹੁਤ ਮਾਇਨੇ ਰੱਖਦਾ ਹੈ। ਨਿਮਰਤਾ ਸਹਿਤ ਬੇਨਤੀ ਹੈ ਕਿ ਤਿਉਹਾਰਾਂ ਮੌਕੇ ਜਾਂ ਕਿਸੇ ਹੋਰ ਸਮੇਂ ਯੂਨੀਵਰਸਿਟੀ ਦੇ ਅਧਿਕਾਰੀਆਂ/ਕਰਮਚਾਰੀਆਂ ਲਈ ਤੋਹਫ਼ੇ, ਮਠਿਆਈਆਂ ਜਾਂ ਹੋਰ ਭੇਟਾਵਾਂ ਨਾ ਲਿਆਂਦੀਆਂ ਜਾਣ। ਈ-ਮੇਲ ਜਾਂ ਟੈਲੀਫ਼ੋਨ ਰਾਹੀਂ ਭੇਜੀਆਂ ਸ਼ੁਭਕਾਮਨਾਵਾਂ ਵੀ ਉਸੇ ਨਿੱਘ ਅਤੇ ਧੰਨਵਾਦ ਸਹਿਤ ਪ੍ਰਵਾਨ ਕੀਤੀਆਂ ਜਾਣਗੀਆਂ। ਇਸ ਨਾਲ ਆਪਸੀ ਕੰਮਕਾਜ ਵਿੱਚ ਪਾਰਦਰਸ਼ਤਾ ਬਣੀ ਰਹੇਗੀ ਅਤੇ ਇਸ ਪ੍ਰਕਾਰ ਬਚਾਏ ਗਏ resources ਵਿਦਿਆਰਥੀਆਂ ਦੀ ਭਲਾਈ ਲਈ ਵਰਤੇ ਜਾ ਸਕਣਗੇ। ਜੇਕਰ ਕਿਸੇ ਵੱਲੋਂ ਕੋਈ ਭੇਟ ਲਿਆਂਦੀ ਜਾਂਦੀ ਹੈ ਤਾਂ ਉਹ ਧੰਨਵਾਦ ਸਹਿਤ ਵਾਪਸ ਕਰ ਦਿੱਤੀ ਜਾਵੇਗੀ, ਜਿਸ ਨੂੰ ਕਿਸੇ ਤਰ੍ਹਾਂ ਦਾ ਅਨਾਦਰ ਨਾ ਸਮਝਿਆ ਜਾਵੇ।

ਆਪ ਜੀ ਨੂੰ ਇੱਕ ਵਾਰ ਫਿਰ ਸੁਰੱਖਿਅਤ, ਖੁਸ਼ੀਆਂ ਭਰੀ ਅਤੇ ਵਾਤਾਵਰਣ-ਪੱਖੀ ਦੀਵਾਲੀ ਦੀਆਂ ਸ਼ੁਭਕਾਮਨਾਵਾਂ। ਆਪ ਜੀ ਦੇ ਨਿਰੰਤਰ ਸਹਿਯੋਗ ਦੀ ਆਸ ਹੈ ਜੀ।

04/11/2026.

ਡੀਨ - ਕਾਲਜ ਵਿਕਾਸ ਕੌਂਸਲ